ISSN: 2584-0509





ਡਾ. ਜਸਵਿੰਦਰ ਸਿੰਘ ਬਰਾੜ

+91 98776 61770

# ਨੁੱਕੜ ਨਾਟਕ: ਕੁਦਰਤ ਦੀ ਕਚਹਿਰੀ

**ਸਥਾਨ:- ਕੋਈ ਵੀ ਜਿੱਥੇ ਲੋਕਾਂ ਦਾ ਇੱਕਠ ਹੋਵੇ।**

**(ਇੱਕ ਕਲਾਕਾਰ (ਸੂਤਰਧਾਰ) ਕੇਂਦਰ ਵਿੱਚ ਖੜ੍ਹਾ ਡਫ ਵਜਾ ਰਿਹਾ ਹੈ ਅਤੇ ਬਾਕੀ ਦੇ ਕਲਾਕਾਰ ਘੇਰੇ ਵਿੱਚ ਘੁੰਮਦੇ ਹੋਏ)**

ਨਾਟਕ-ਨਾਟਕ-ਨਾਟਕ-ਨਾਟਕ
ਅਸੀਂ ਹਾਂ ਦੋਸਤੋ ਨਾਟਕ ਵਾਲੇ
ਅਸੀਂ ਹਾਂ ਦੋਸਤੋ ਨਾਟਕ ਵਾਲੇ
ਪੇਸ਼ ਕਰਾਂਗੇ ਇੱਕ ਕਹਾਣੀ

**ਸੂਤਰਧਾਰ**:- ਹਾਂ ਜੀ ਹਾਂ
ਪੇਸ਼ ਕਰਾਂਗੇ ਇੱਕ ਕਹਾਣੀ
ਇੱਕ ਸੀ ਰਾਜਾ ਇੱਕ ਸੀ ਰਾਣੀ

**ਸਾਰੇ ਕਲਾਕਾਰ:**-ਨਹੀਂ ਨਹੀਂ ਨਹੀਂ ਨਹੀਂ
ਨਹੀਂ ਸੁਣਾਉਣੀ ਐਸੀ ਘਾਣੀ (ਕਹਾਣੀ)

**ਸੂਤਰਧਾਰ**:- ਨਹੀਂ ਸੁਣਾਉਣੀ ਐਸੀ ਘਾਣੀ (ਕਹਾਣੀ)

**ਸਾਰੇ ਕਲਾਕਾਰ:**-ਹਾਂ ਹਾਂ ਹਾਂ ਹਾਂ.....ਨਹੀਂ ਸੁਣਾਉਣੀ ਐਸੀ ਘਾਣੀ (ਕਹਾਣੀ)

**ਸੂਤਰਧਾਰ**:- ਦੱਸੋ ਗੱਲ ਫਿਰ ਕੀ ਹੈ ਹਾਣੀ,
ਕਿਉਂ ਕੀਤੀ ਹੈ ਖਲਕਤ 'ਕੱਠੀ
ਜੇ ਨਹੀਂ ਸਣਾਉਣੀ ਐਸੀ ਕਹਾਣੀ

**ਸਾਰੇ ਕਲਾਕਾਰ:**-ਕੁਦਰਤ ਰੋਵੇ ਹੁਬਕੀਂ-ਹੁਬਕੀਂ
ਗੰਧਲ ਗਈ ਹੈ ਮਿੱਟੀ, ਪੌਣ ਤੇ ਪਾਣੀ
ਆਫਤ ਆਈ ਲੋਕਾਂ ਅੱਗੇ
ਮਰਨ ਕਿਨਾਰੇ ਪਈ ਲੁਕਾਈ
ਲੱਖ ਲਾਹਨਤ ਹੈ ਤੇਰੇ ਉੱਤੇ
ਜੇ ਤੈਨੂੰ ਨਹੀਂ ਆਈ
ਹਾਲੇ ਤੱਕ ਵੀ ਸਮਝ ਕਹਾਣੀ।

**ਸੂਤਰਧਾਰ**:- ਮੈਨੂੰ ਲਾਹਨਤ ਕਿਹੜੀ ਗੱਲ ਦੀ

ਮੈਂ ਤਾਂ ਥੋੜਾ ਬੋਲੀ ਹਾਣੀ
ਦੱਸੋ ਕਿੱਥੋਂ ਤੋਰਾਂ ਗੱਲ ਨੂੰ
ਕਿੱਥੋਂ ਸ਼ੁਰੂ ਕਰਾਂ ਮੈਂ ਕਹਾਣੀ

**ਸਾਰੇ ਕਲਾਕਾਰ:**-ਤੂੰ ਨਾਟਕ ਦੇ ਕੇਂਦਰ ਵਿੱਚ ਹੈ
ਤੂੰ ਨਾਟਕ ਦਾ ਸੂਤਰਧਾਰ
ਜਿੱਥੋਂ ਮਰਜੀ ਸ਼ੁਰੂ ਤੂੰ ਕਰਦੇ
ਪਰ ਦੁੱਧੋਂ ਪਾਣੀ ਦੇਈਂ ਨਿਤਾਰ

**ਸੂਤਰਧਾਰ**:-ਘੁੰਮ-ਘੁੰਮਾ ਕੇ ਗੱਲ ਮੇਰੇ 'ਤੇ ਆ ਗਈ
ਮੈਂ ਨਾਟਕ ਦਾ ਸੂਤਰਧਾਰ
ਦੁੱਧੋਂ ਪਾਣੀ ਦਿਉਂ ਨਿਤਾਰ
ਤਾਂ ਫਿਰ ਸੁਣੋਂ-ਸੁਣੋਂ ਸੁਣੋਂ
......ਨਗਰ ਦੇ ਨਿਵਾਸੀਓ
ਸੁਣੋਂ-ਸੁਣੋਂ

**ਸਾਰੇ ਗਾਉਂਦੇ ਹਨ**:- ਖ਼ਲਕਤ ਖੁਦਾ ਦੀ,
ਧਰਤ, ਪੌਣ, ਪਾਣੀ ਸਭ ਨੇ ਖੁਦਾ ਦੇ
ਕਲਾ ਕਲਾਕਾਰ ਦੀ
ਪਾਜ ਝੂਠ ਦੇ ਉਘਾੜਦੀ
ਸੱਚ ਨੂੰ ਉਚਾਰਦੀ,
ਖ਼ਲਕਤ ਖੁਦਾ ਦੀ,
ਧਰਤ, ਪੌਣ, ਪਾਣੀ ਸਭ ਨੇ ਖੁਦਾ ਦੇ........

**ਸੂਤਰਧਾਰ**:- ਰੱਬ ਨੇ ਇਸ ਬ੍ਰਹਿਮੰਡ ਨੂੰ ਸਿਰਜਿਆ,
ਇਸ ਦੁਨੀਆਂ ਨੂੰ ਸਿਰਜਿਆ
ਜੀਵ ਜੰਤੂ, ਕੀਟ ਪਤੰਗੇ ਪੈਦਾ ਕੀਤੇ
ਸਭ ਨੂੰ ਕੁਦਰਤ ਨਾਲ ਸਮਤੋਲ ਬਣਾ ਕੇ ਰੱਖਣ ਦਾ ਸੰਦੇਸ਼ ਦਿੱਤਾ। ਪਰ ਇਸ ਧਰਤ ਗ੍ਰਹਿ ਦੇ ਸਭ ਤੋਂ ਸ਼ਾਤਰ, ਸਭ ਤੋਂ ਤਾਕਤਵਾਰ ਤੇ ਸਭ ਤੋਂ ਸਿਆਣੇ ਸਮਝੇ ਜਾਣ ਵਾਲੇ ਪ੍ਰਾਣੀ

ਮਨੁੱਖ ਨੇ ਆਪਣੇ ਨਿੱਜੀ ਸੁਆਰਥਾਂ ਕਰਕੇ ਸਭ ਕੁੱਝ ਤਹਿਸ-ਨਹਿਸ ਕਰ ਦਿੱਤਾ। ਪਾਣੀ ਨੂੰ ਗੰਧਲਾ ਕਰ ਦਿੱਤਾ, ਮਿੱਟੀ ਨੂੰ ਦੂਸ਼ਿਤ ਕਰ ਦਿੱਤਾ, ਹਵਾ ਨੂੰ ਜ਼ਹਿਰ ਨਾਲ ਭਰ ਦਿੱਤਾ।

**ਮਨੁੱਖ:**- ਸਭ ਝੂਠ ਸਭ ਬਕਵਾਸ

**ਸੂਤਰਧਾਰ**:- ਤੂੰ ਕੌਣ?

**ਮਨੁੱਖ**- ਮੈਂ, ਮੈਨੂੰ ਨਹੀਂ ਜਾਣਦਾ ਇਸ ਧਰਤ ਗ੍ਰਹਿ ਦਾ ਸਭ ਤੋਂ ਸ਼ਾਤਰ, ਸਭ ਤੋਂ ਤਾਕਤਵਾਰ ਤੇ ਸਭ ਤੋਂ ਸਿਆਣਾ ਪ੍ਰਾਣੀ ਮਨੁੱਖ।

**ਸੂਤਰਧਾਰ**:- ਅੱਛਾ! ਤਾਂ ਤੂੰ ਐ ਮਨੁੱਖ।

**ਮਨੁੱਖ:**- ਕੋਈ ਸ਼ੱਕ?

**ਸੂਤਰਧਾਰ**:- ਸ਼ੱਕ ਹੀ ਸ਼ੱਕ ਹੈ ਜਨਾਬ

**ਮਨੁੱਖ:**- ਮੇਰੇ ਮਨੁੱਖ ਹੋਣ ‘ਤੇ

**ਸੂਤਰਧਾਰ**:- ਨਹੀਂ

**ਮਨੁੱਖ:**- ਫਿਰ

**ਸੂਤਰਧਾਰ**:- ਇਸ ਧਰਤ ਗ੍ਰਹਿ ਦਾ ਸਭ ਤੋਂ ਸ਼ਾਤਰ, ਸਭ ਤੋਂ ਤਾਕਤਵਾਰ ਤੇ ਸਭ ਤੋਂ ਸਿਆਣਾ ਪ੍ਰਾਣੀ ਹੋਣ ‘ਤੇ।

**ਮਨੁੱਖ:**- ਮਤਲਬ

**ਸੂਤਰਧਾਰ**:- ਮਤਲਬ-ਮੁਤਲਬ ਕੁੱਝ ਨਹੀਂ ਤੂੰ ਓਧਰ ਅਰਾਮ ਨਾਲ ਬੈਠ ਜਾ ਮੈਨੂੰ ਨਾਟਕ ਪੇਸ਼ ਕਰਨ ਦੇ ਤੈਨੂੰ ਤੇਰੇ ਸਾਰੇ ਸਵਾਲਾਂ ਦੇ ਜਵਾਬ ਮਿਲ ਜਾਣਗੇ।

**ਬਾਕੀ ਪਾਤਰ**:- ਹਾਂ –ਹਾਂ ਏਧਰ ਬੈਠ ਅਰਾਮ ਨਾਲ ਸਾਨੂੰ ਗੱਲ ਸੁਣਨ ਦੇ।

**ਸੂਤਰਧਾਰ:**- ਹਾਂ ਤਾਂ ਦੋਸਤੋ ਮੈਂ ਦੱਸ ਰਿਹਾ ਸੀ ਕਿ ਮਨੁੱਖ ਨੇ ਆਪਣੇ ਨਿੱਜੀ ਸੁਆਰਥਾਂ ਕਰਕੇ ਸਭ ਕੁੱਝ ਤਹਿਸ-ਨਹਿਸ ਕਰ ਦਿੱਤਾ। ਪਾਣੀ ਨੂੰ ਗੰਧਲਾ ਕਰ ਦਿੱਤਾ, ਮਿੱਟੀ ਨੂੰ ਦੂਸ਼ਿਤ ਕਰ ਦਿੱਤਾ, ਹਵਾ ਨੂੰ ਜ਼ਹਿਰ ਨਾਲ ਭਰ ਦਿੱਤਾ। ਇਸ ਲਈ ਪਾਣੀ, ਹਵਾ ਅਤੇ ਮਿੱਟੀ ਇੱਕ ਦਿਨ ਆਪਣੀ ਫਰਿਆਦ ਲੈ ਕੇ ਕੁਦਰਤ ਦੀ ਕਚਹਿਰੀ ਵਿੱਚ ਪੇਸ਼ ਹੋਏ ਤੇ ਉਨ੍ਹਾਂ ਰੱਬ ਅੱਗੇ ਫਰਿਆਦ ਕੀਤੀ ਕਿ “ਹੇ ਬ੍ਰਹਿਮੰਡ ਦੇ ਸਿਰਜਣਹਾਰ ਕੁਦਰਤ ਅਸੀਂ ਤੇਰੇ ਹੁਕਮ ਨਾਲ ਧਰਤ ਗ੍ਰਹਿ ਦੇ ਸਭ ਵਾਸੀਆਂ ਨੂੰ ਬਿਨਾਂ ਕਿਸੇ ਭੇਦ-ਭਾਵ ਬਿਨ੍ਹਾਂ ਕੀਮਤ ਵਸੂਲੀ ਦੇ ਨਿਰੰਤਰ ਆਪਣੀਆਂ ਸੇਵਾਵਾਂ ਦੇ ਰਹੇ ਹਾਂ। ਪਰ ਤੇਰਾ ਬਣਾਇਆ ਪ੍ਰਾਣੀ ਮਨੁੱਖ ਤੇਰੀ ਕੁਦਰਤ ਨਾਲ ਖਿਲਵਾੜ ਕਰਦਾ ਹੈ, ਜਿੱਥੇ ਇਸਨੇ ਦੂਸਰੇ ਜੀਵ ਜੰਤੂਆਂ ਦਾ ਰਹਿਣ-

ਸਹਿਣ ਦੁੱਬਰ ਕੀਤਾ ਹੋਇਆ ਹੈ, ਉੱਥੇ ਹੀ ਇਸਨੇ ਸਾਨੂੰ ਜੀਵਨ ਦਾਤਿਆਂ ਤੋਂ ਜੀਵਨ ਭਕਸ਼ਕ ਬਣਾ ਦਿੱਤਾ ਹੈ।

**ਮਨੁੱਖ:**- ਅੱਛਾ! ਮੇਰੀ ਸ਼ਿਕਾਇਤ ਓਹੀ ਰੱਬ ਕੋਲੇ। ਏਨਾਂ ਨੂੰ ਪਤਾ ਨਹੀਂ ਮੈਂ ਖਾਸਾ ਵੱਡਾ ਆਦਮੀ ਆ ਮੇਰੀ ਸ਼ਕਾਇਤ ਕਰਨ ਵਾਲੇ ਤੇ ਸੁਣਨ ਵਾਲੇ ਦੋਹਾਂ ਵਿੱਚ ਜ਼ੁਅਰਤ ਚਾਹੀਦੀ ਐ।

**ਬਾਕੀ:**- ਬੰਦੇ ਨੂੰ ਆਵਦੀਆਂ ਗਲਤੀਆਂ ਸੁਣਨ ਲਈ ਵੀ ਜ਼ੁਅਰਤ ਚਾਹੀਦੀ ਹੈ, ਇਸ ਲਈ ਅਰਾਮ ਨਾਲ ਟਿੱਕ ਬੈਠ ਜਾ ਨਾਟਕ ਨੂੰ ਅੱਗੇ ਤੁਰਨ ਦੇ ਨਹੀਂ ਤਾਂ ਸਾਨੂੰ ਨਾ ਕਿਤੇ ਜ਼ੁਅਰਤ ਦਿਖਾਉਣੀ ਪੈ ਜੇ।

(ਬੰਦਾ ਅਰਾਮ ਨਾਲ ਬੈਠ ਜਾਂਦਾ ਹੈ)

**ਸੂਤਰਧਾਰ:**- ਸਚਮੁੱਚ ਇਸ ਵਿੱਚ ਬਹੁਤ ਜ਼ੁਅਰਤ ਹੈ, ਤਾਂ ਹੀ ਤਾਂ ਇਹ ਲਗਾਤਾਰ ਆਪਣਾ ਨੁਕਸਾਨ ਕਰ ਹਾ ਹੈ ਪਰ ਹਾਲੇ ਵੀ ਅੱਖਾਂ ਨਹੀ ਖੁਲ੍ਹੀਆਂ ਇਸਦੀਆਂ।

**ਬਾਕੀ:**- ਤੁਸੀਂ ਅੱਗੇ ਦੀ ਕਹਾਣੀ ਦੱਸੋ, ਫਿਰ ਰੱਬ ਨੇ ਪੌਣ, ਪਾਣੀ ਅਤੇ ਮਿੱਟੀ ਨੂੰ ਕੀ ਕਿਹਾ।

**ਸੂਤਰਧਾਰ:**-ਮੈਂ ਕਹਾਣੀ ਦੱਸਾਂਗਾ ਨਹੀਂ ਬਲਕਿ ਦਿਖਾਵਾਂਗਾ ਕਿ ਪੌਣ, ਪਾਣੀ ਅਤੇ ਮਿੱਟੀ ਨੇ ਕੁਦਰਤ ਦੀ ਕਚਹਿਰੀ ਵਿੱਚ ਕੀ ਕਿਹਾ ਤੇ ਕੁਦਰਤ ਨੇ ਕੀ ਫੈਸਲਾ ਦਿੱਤਾ।

**ਬਾਕੀ:**- ਦਿਖਾਓ, ਦਿਖਾਓ

**ਸੂਤਰਧਾਰ:**-ਕਰੋਂ ਅੱਖਾਂ ਬੰਦ, ਕਰੋ ਆਪਣੇ-ਆਪਣੇ ਰਹਿਬਰ ਨੂੰ ਯਾਦ, ਮੈਂ ਤੁਹਾਨੂੰ ਲੈ ਕੇ ਜਾਵਾਂਗਾ ਕੁਦਰਤ ਦੀ ਕਚਹਿਰੀ। ਆਓ ਪੜ੍ਹੋ ਮੇਰੇ ਨਾਲ ਇਸ ਬਾਣੀ ਨੂੰ

(ਸਾਰੇ ਅੱਖਾਂ ਬੰਦ ਕਰਦੇ ਹਨ ਅਤੇ ਉੱਚੀ-ਉੱਚੀ ਗੁਰਬਾਣੀ ਦਾ ਪਾਠ ਕਰਦੇ ਹਨ)

**ਅਰਬਦ ਨਰਬਦ ਧੁੰਧੂਕਾਰਾ** ॥
**ਧਰਣਿ ਨ ਗਗਨਾ ਹੁਕਮੁ ਅਪਾਰਾ** ॥
**ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ** ॥੧॥

**ਸੂਤਰਧਾਰ:**- ਖ਼ਬਰਦਾਰ, ਬਾ-ਮੁਲਾਹਜ਼ਾ ਹੋ ਹੁਸ਼ਿਆਰ। ਇਹ ਕੁਦਰਤ ਦੀ ਕਚਿਹਰੀ ਹੈ, ਮੈਂ ਹਾਂ ਕੁਦਰਤ ਦਾ ਅਰਦਲੀ, ਮੈਂ ਕੁਦਰਤ ਦਾ ਹੁਕਮ ਅੱਗੇ ਪਹੁੰਚਾਉਂਦਾ ਹਾਂ ਅਤੇ ਇਹ ਕਚਹਿਰੀ ਵਿੱਚ ਪੇਸ਼ ਹੋਣ ਵਾਲੇ ਫਰਿਆਦੀਆਂ ਦੀ ਫਰਿਆਦ ਕੁਦਰਤ ਅੱਗੇ ਪੇਸ਼ ਕਰਦਾ ਹਾਂ। ਹੇ ਅਕਾਲ ਪੁਰਖ, ਪਰਵਿਰਦਗਾਰ, ਖੁਦਾਵੰਦ, ਅੱਲ੍ਹਾ, ਰਾਮ, ਵਾਹਿਗੁਰੂ, ਰਹੀਮ, ਗੌਡ ਇਤਿਆਦ ਸਭ ਤੇਰੇ ਹੀ ਨਾਮ ਨੇ। ਹੇ ਅਵਿਨਾਸ਼ੀ ਹੇ ਅਕਾਲ ਪੁਰਖ ਅੱਜ ਤੇਰੀ ਕਚਹਿਰੀ

ਏ ਕੁਦਰਤ ਵਿੱਚ ਤਿੰਨ ਫਰਿਆਦੀ ਹਾਜ਼ਰ ਹੋਏ ਹਨ ਅਤੇ ਉਹ ਵਾਰ-ਵਾਰ ਆਪਣੀ ਫ਼ਰਿਆਦ ਤੇਰੇ ਅੱਗੇ ਪੇਸ਼ ਕਰਨਾ ਚਾਹੁੰਦੇ ਹਨ। ਕੀ ਉਨ੍ਹਾਂ ਨੂੰ ਫਰਿਆਦ ਕਰਨ ਦੀ ਇਜ਼ਾਜ਼ਤ ਹੈ? (ਸੂਤਰਧਾਰ ਜੋ ਕਿ ਅੱਗੇ ਅਰਦਲੀ ਵਜੋਂ ਭੂਮਿਕਾ ਨਿਭਾਏਗਾ ਅਸਮਾਨ ਵੱਲ ਮੂੰਹ ਕਰਕੇ ਰੱਬ ਨਾਲ ਗੱਲ ਕਰਨ ਅਤੇ ਉਸਤੋਂ ਅਗਿਆ ਲੈਣ ਦਾ ਅਭਿਨੈ ਕਰਦਾ ਹੈ)

**ਅਰਦਲੀ:**-ਕੁਦਰਤ ਨੇ ਇਜ਼ਾਜ਼ਤ ਤੇ ਦਿੱਤੀ ਹੈ:- ਸਭ ਤੋਂ ਪਹਿਲਾਂ ਪੌਣ, ਹਵਾ, ਵਾਯੂ, ਏਅਰ ਇਤਿਆਦ ਨਾਮ ਨਾਲ ਜਾਣੇ ਜਾਣ ਵਾਲਾ ਫਰਿਆਦੀ ਹਾਜ਼ਰ ਹੋ.....।

**ਹਵਾ:**- ਮੈਂ ਹਾਜ਼ਰ ਹਾਂ ਹਜ਼ੂਰ

**ਅਰਦਲੀ:**- ਕੀ ਫਰਿਆਦ ਹੈ?

**ਹਵਾ:**- ਕੁਦਰਤ ਨੇ ਮੈਨੂੰ ਜੀਵਨ ਦਾਤਾ ਬਣਾ ਕੇ ਧਰਤ ਗ੍ਰਹਿ 'ਤੇ ਭੇਜਿਆ ਸੀ, ਮੈਂ ਕੁਦਰਤ ਦੇ ਹੁਕਮ ਅਨੁਸਾਰ ਨਿਰਮਲ, ਸ਼ੁੱਧ ਪ੍ਰਵਿਰਤੀ ਅਨੁਸਾਰ ਧਰਤ ਗ੍ਰਹਿ ਦੇ ਹਰ ਜੀਵ ਨੂੰ ਬਿਨਾਂ ਕਿਸੇ ਭੇਦ-ਭਾਵ, ਬਿਨਾਂ ਕਿਸੇ ਲਾਲਚ ਦੇ ਸਾਹ ਲੈਣ ਲਈ ਆਕਸੀਜਨ ਦਿੱਤੀ। ਪਰ ਪਿਛਲੇ ਕੁੱਝ ਅਰਸੇ ਤੋਂ ਧਰਤ ਗ੍ਰਹਿ ਦੇ ਪ੍ਰਾਣੀ ਮਨੁੱਖ ਨੇ ਮੈਨੂੰ ਗੰਧਲਾ ਕਰ ਦਿੱਤਾ ਹੈ।

**ਅਰਦਲੀ:**- ਗੰਧਲਾ ਕਰ ਦਿੱਤਾ ਹੈ?

**ਹਵਾ:**- ਹਾਂ ਮੈਨੂੰ ਜ਼ਹਿਰੀਲਾ ਬਣਾ ਦਿੱਤਾ ਹੈ, ਵੱਡੀਆਂ-ਵੱਡੀਆਂ ਫੈਕਟਰੀਆਂ ਲਾ ਕੇ ਹਰ ਰੋਜ ਮਣਾ-ਮੂੰਹੀਂ ਪ੍ਰਦੂਸ਼ਣ ਮੇਰੇ ਵਿੱਚ ਮਿਲਾਇਆ ਜਾ ਰਿਹਾ ਹੈ, ਦਰਖਤਾ ਜਿਹੜੇ ਮੇਰੇ ਫੇਫੜੇ ਨੇ ਉਨ੍ਹਾਂ ਨੂੰ ਲਗਾਤਾਰ ਕੱਟਿਆ ਜਾ ਰਿਹੈ, ਪੱਟਿਆ ਜਾ ਰਿਹੈ। ਕੰਨ ਪਾੜ ਸਪੀਕਰ ਡੀ ਜੇ ਲਾ ਕੇ ਮੈਨੂੰ ਸ਼ਾਂਤ ਤੋਂ ਸ਼ੋਰ-ਸ਼ਰਾਬੇ ਨਾਲ ਭਰਿਆ ਜਾ ਰਿਹੈ। ਮੈਂ ਇਸ ਹਾਲਾਤ ਵਿੱਚ ਕੁਦਰਤ ਦੇ ਹੁਕਮਾਂ ਅਨੁਸਾਰ ਜੀਵਨ ਪ੍ਰਦਾਨ ਕਰਨ ਤੋਂ ਅਸਮਰੱਥ ਹਾਂ। ਇਸ ਲਈ ਮੈਨੂੰ ਧਰਤ ਗ੍ਰਹਿ ਤੋਂ ਵਾਪਸ ਬੁਲਾ ਲਿਆ ਜਾਵੇ।

**ਅਰਦਲੀ:**- ਠੀਕ ਹੈ! ਇਸ ਬਾਰੇ ਕੁਦਰਤ ਜੀ ਜਰੂਰ ਕੋਈ ਫੈਸਲਾ ਦੇਣਗੇ। ਤੁਸੀਂ ਏਧਰ ਬੈਠ ਜਾਓ।

ਅਗਲਾ ਫਰਿਆਦੀ ਜਿਸਨੂੰ ਜਲ, ਪਾਣੀ, ਵਾਟਰ, ਇਤਿਆਦ ਨਾਮ ਨਾਲ ਜਾਣਿਆ ਜਾਂਦਾ ਹੈ ਹਾਜ਼ਰ ਹੋ।

**ਪਾਣੀ:**- ਪ੍ਰਣਾਮ ਕੁਦਰਤ, ਪ੍ਰਣਾਮ ਕੁਦਰਤ ਦੇ ਅਰਦਲੀ। ਮੈਂ ਹਾਜ਼ਰ ਹਾਂ।

**ਅਰਦਲੀ:**- ਪ੍ਰਣਾਮ। ਆਪਣੀ ਫਰਿਆਦ ਦੱਸੋ।

**ਪਾਣੀ:**- ਮੈਂ ਬਹੁਤ ਦੁਖੀ ਆ ਜਨਾਬ, ਮੈਨੂੰ ਸਭ ਤੋਂ ਪਵਿੱਤਰ ਹੋਣ ਦਾ ਦਰਜਾ ਦਿੱਤਾ ਗਿਆ ਸੀ। ਮੇਰੇ ਵਿੱਚ ਇਸ਼ਨਾਨ ਕਰਨ ਨਾਲ ਕੇਵਲ ਤਨ ਹੀ ਨਹੀਂ ਮਨ ਵੀ ਸ਼ੁੱਧ ਹੋ ਜਾਂਦਾ ਸੀ। ਪਰ ਹੁਣ ਮੈਨੂੰ ਸਭ ਤੋਂ ਵੱਧ ਅਪਵਿੱਤਰ ਕਰ ਦਿੱਤਾ ਗਿਆ ਹੈ। ਮੇਰੇ ਜ਼ਰੀਏ ਲੋਕਾਂ ਨੂੰ ਬਿਮਾਰੀਆਂ ਵੰਡੀਆਂ ਜਾ ਰਹੀਆਂ ਨੇ। ਮੇਰੇ ਸਾਫ ਜਲ ਨਾਲ ਭਰੇ ਨਦੀਆਂ ਨਾਲਿਆਂ ਵਿੱਚ ਫੈਕਟਰੀਆਂ ਦਾ ਜ਼ਹਿਰੀਲਾ ਪਾਣੀ ਭਰ ਦਿੱਤਾ ਗਿਆ ਹੈ, ਸ਼ਹਿਰੀ ਵਸਨੀਕਾਂ ਨੇ ਆਪਣਾ ਸੀਵਰੇਜ਼ ਦਾ ਪਾਣੀ ਮੇਰੇ ਸਾਫ ਪੀਣਯੋਗ ਕੁਦਰਤੀ ਸ੍ਰੋਤਾਂ ਵਿੱਚ ਛੱਡ ਦਿੱਤਾ ਹੈ। ਢੇਰਾਂ ਦੇ ਢੇਰ ਮਲਬਾ ਮੇਰੇ ਸਮੁੰਦਰਾਂ ਵਿੱਚ ਸੁਟਿਆ ਜਾ ਰਿਹਾ ਹੈ, ਜਿਸ ਨਾਲ ਮੇਰੇ ਵਿੱਚ ਰਹਿੰਦੇ ਜੀਵ ਜੰਤੂ ਮਰ ਰਹੇ ਹਨ। ਮੈਂ ਬਹੁਤ ਪ੍ਰੇਸ਼ਾਨ ਹਾਂ। ਜਿਹੜੇ ਲੋਕ ਮੇਰੇ ਵਿੱਚ ਤਨ-ਮਨ ਸ਼ੁੱਧ ਕਰਨ ਆਉਂਦੇ ਸੀ ਉਹ ਮੇਰੇ ਬੁੱਢੇ ਨਾਲੇ ਵਰਗੇ ਸ੍ਰੋਤ ਵਿੱਚ ਗੰਧ ਸੁੱਟ-ਸੁੱਟ ਕੇ ਜਾ ਰਹੇ ਹਨ ਤੇ ਇਹ ਗੰਧਾ ਪਾਣੀ ਅੱਗੇ ਮੇਰੇ ਦਰਿਆਵਾਂ ਦੇ ਪਾਣੀ ਨੂੰ ਗੰਧਲਾ ਕਰ ਰਿਹਾ ਹੈ। ਮੈਨੂੰ ਲੋਕ ਬਿਮਾਰੀਆਂ ਵੰਡਣ ਵਾਲਾ ਕਹਿ ਰਹੇ ਹਨ। ਮੈਂ ਇਸ ਸਭ ਨਹੀਂ ਸੁਣ ਸਕਦਾ।

**ਅਰਦਲੀ:**- ਕੁਦਰਤ ਤੁਹਾਡੀ ਫਰਿਆਦ ਜ਼ਰੂਰ ਸੁਣਨਗੇ। ਤੁਸੀਂ ਏਧਰ ਬੈਠ ਜਾਓ। ਅਗਲਾ ਫਰਿਆਦੀ ਜਿਸਨੂੰ ਮਿੱਟੀ, ਧਰਤੀ, ਰੇਤ, ਸੁਆਇਲ ਇਤਿਆਦ ਨਾਲ ਨਾਲ ਜਾਣਿਆ ਜਾਂਦਾ ਹੈ ਹਾਜ਼ਰ ਹੋ।

**ਰੇਤ:**- ਹਜ਼ੂਰ ਮੈਂ ਹਾਜ਼ਰ ਹਾਂ, ਮੈਨੂੰ ਆਪਣੀ ਫਰਿਆਦ ਕਰਨ ਦੀ ਆਗਿਆ ਦਿੱਤੀ ਜਾਵੇ।

ਅਰਦਲੀ:- ਆਗਿਆ ਹੈ।

**ਰੇਤ:**-ਹਜ਼ੂਰ ਇੱਕ ਵਕਤ ਸੀ ਜਦੋਂ ਮੈਨੂੰ ਲੋਕ ਧਰਤੀ ਮਾਤਾ ਕਹਿ ਕੇ ਪੂਜਦੇ ਸੀ। ਪਰ ਅੱਜ ਮੇਰੀ ਕੋਈ ਕਦਰ ਨਹੀਂ। ਮੈਨੂੰ ਲਗਾਤਾਰ ਜ਼ਹਿਰੀਲਾ ਕੀਤਾ ਜਾ ਰਿਹੈ। ਮੇਰਾ ਉਪਜਾਊ ਪਣ ਖਤਮ ਕੀਤਾ ਜਾ ਰਿਹੈ। ਮੇਰੀ ਹਿੱਕ 'ਤੇ ਭਾਂਭੜ ਬਾਲੇ ਜਾਂਦੇ ਨੇ। ਵਧੇਰੇ ਉਪਜ ਲੈਣ ਲਈ ਮੇਰੇ ਵਿੱਚ ਲੋੜ ਤੋਂ ਜਿਆਦਾ ਰਸਾਇਣ ਮਿਲਾਏ ਜਾ ਰਹੇ ਹਨ। ਮੇਰੀ ਉਪਰਲੀ ਪਰਤ ਨੂੰ ਲਗਾਤਾਰ ਜ਼ਹਿਰੀਲਾ ਕਰਨ ਦੇ ਨਾਲ-ਨਾਲ ਮੇਰੇ ਅੰਦਰ 1000 ਫੁੱਟ ਡੂੰਘੇ ਪਾੜ ਪਾਏ ਜਾ ਰਹੇ ਨੇ। ਖੁਦਾਈ ਦੇ ਨਾਂ 'ਤੇ ਮੇਰੀ ਹਿੱਕ ਨੂੰ ਲਗਾਤਾਰ ਪਾੜਿਆ ਜਾ ਰਿਹੈ। ਮੈਂ ਬਹੁਤ ਦੁਖੀ ਹਾਂ ਹਜ਼ੂਰ। ਮੈਨੂੰ ਮੁਕਤੀ ਦਿਓ।

**ਹਵਾ, ਪਾਣੀ ਅਤੇ ਰੇਤ:**- ਹਾਂ, ਹਾਂ ਸਾਨੂੰ ਮੁਕਤੀ ਦਿਓ, ਅਸੀਂ ਹੋਰ ਜ਼ਿਆਦਾ ਸ਼ੋਸ਼ਣ ਸਹਿਣ ਨਹੀਂ ਕਰ ਸਕਦੇ ਹਾਂ ਹਾਂ ਸਾਨੂੰ ਮੁਕਤੀ ਦਿਓ।

**ਅਰਦਲੀ:-** ਕਚਹਿਰੀ-ਏ-ਕੁਦਰਤ ਤੁਹਾਡੇ ਦਰਦ ਨੂੰ ਬਾਖੂਬੀ ਸਮਝਦੀ ਹੈ। ਸਾਨੂੰ ਪਤਾ ਹੈ ਕਿ ਕੁੱਝ ਲਾਲਚੀ ਮਨੁੱਖ ਆਪਣੇ ਨਿੱਜੀ ਲਾਭ ਅਤੇ ਸੁਆਰਥ ਖਾਤਿਰ ਤੁਹਾਨੂੰ ਲਗਾਤਾਰ ਗੰਧਲਾ ਕਰ ਰਹੇ ਨੇ। ਪਰ......

**ਹਵਾ, ਪਾਣੀ ਅਤੇ ਰੇਤ:-** ਪਰ....ਪਰ ਕੀ ਹਜ਼ੂਰ।

**ਅਰਦਲੀ:-** ਜੇ ਝੂਠ ਹੈ ਤਾਂ ਸੱਚ ਵੀ ਹੈ, ਜੇ ਰਾਤ ਹੈ ਤਾਂ ਦਿਨ ਵੀ ਹੈ, ਜੇ ਪਾਪ ਹੈ ਤਾਂ ਪੁੰਨ ਵੀ ਹੈ।

ਹਵਾ, ਪਾਣੀ ਅਤੇ ਰੇਤ:- ਅਸੀਂ ਸਮਝੇ ਨਹੀਂ ਹਜ਼ੂਰ।

**ਅਰਦਲੀ:-** ਮੈਂ ਸਮਝਾਉਂਦਾ ਹਾਂ, ਮੇਰੀ ਗੱਲ ਧਿਆਨ ਨਾਲ ਸੁਣੋਂ ਜੇ ਧਰਤੀ 'ਤੇ ਤੁਹਾਨੂੰ ਗੰਧਲਾ ਕਰਨ ਵਾਲੇ ਸ਼ੈਤਾਨ ਮੌਜੂਦ ਨੇ ਤਾਂ ਤੁਹਾਡਾ ਰਾਖਾ ਤੁਹਾਨੂੰ ਸਭ ਨੂੰ ਸਤਿਕਾਰ ਦੇਣ ਵਾਲਾ, ਕੁਦਰਤ ਦਾ ਹੀ ਦੂਜਾ ਰੂਪ ਜਿਸਨੂੰ ਸਾਰੀ ਦੁਨੀਆਂ ਅੰਨਦਾਤਾ ਆਖਦੀ ਹੈ ਉਹ ਵੀ ਧਰਤ ਗ੍ਰਹਿ 'ਤੇ ਮੌਜੂਦ ਹੈ। ਉਹ ਤੁਹਾਡੀ ਬਿਹਤਰੀ ਲਈ ਸਭ ਕੁੱਝ ਤਿਆਗ ਕੇ ਤੁਹਾਡੇ ਲਈ ਖੜ੍ਹੇਗਾ, ਤੁਹਾਡੇ ਲਈ ਲੜ੍ਹੇਗਾ।

**ਹਵਾ, ਪਾਣੀ ਅਤੇ ਰੇਤ:-** ਬੱਸ ਰਹਿਣਦੇ ਛੇੜ ਨਾ ਦਰਦਾ ਨੂੰ

ਇਹ ਦਰਦ ਸੁਣਾਇਆ ਨਹੀਂ ਜਾਣਾ
ਬੱਸ ਰਹਿਣਦੇ ਛੇੜ ਨਾ ਦਰਦਾ ਨੂੰ

ਅਰਦਲੀ:- ਕੀ ਹੋਇਆ ਤੁਸੀਂ ਸਭ ਸਿਰ ਸੁੱਟ ਕੇ ਕਿਉਂ ਬੈਠ ਗਏ।

**ਹਵਾ:-** ਸਾਨੂੰ ਸਭ ਤੋਂ ਵੱਡਾ ਦੁੱਖ ਇਸੇ ਗੱਲ ਦਾ ਹੈ ਜਨਾਬ, ਜਿਹੜਾ ਕਿਸਾਨ ਪੀੜ੍ਹੀਆਂ ਤੋਂ ਸਾਨੂੰ ਪੂਜਦਾ ਆ ਰਿਹਾ ਸੀ ਉਹ ਵੀ ਸਾਡਾ ਦੁਸ਼ਮਣ ਬਣ ਬੈਠਾ।

ਅਰਦਲੀ:- ਦੁਸ਼ਮਣ ਬਣ ਬੈਠਾ!

**ਹਵਾ:-** ਹਾਂ ਹਜ਼ੂਰ ਦੁਸ਼ਮਣ ਬਣ ਬੈਠਾ, ਹੁਣ ਕਿਸਾਨ ਵੀ ਉਨ੍ਹਾਂ ਲੋਕਾਂ ਦਾ ਹਿੱਸਾ ਬਣ ਬੈਠਾ ਜਿਹੜੇ ਸਾਨੂੰ ਗੰਧਲਾ ਕਰਨ ਦਾ ਪੱਕਾ ਇਰਾਦਾ ਕਰੀ ਬੈਠੇ ਨੇ।

ਅਰਦਲੀ:- ਉਹ ਕਿਵੇ?

**ਹਵਾ:-** ਕਿਸਾਨ ਵੀ ਹੁਣ ਮੈਨੂੰ ਲਗਾਤਾਰ ਦੂਸ਼ਿਤ ਕਰ ਰਿਹਾ ਹੈ, ਖੇਤ ਵਿੱਚ ਪਈ ਪਰਾਲੀ ਨੂੰ ਅੱਗ ਲਗਾ ਦਿੰਦਾ ਹੈ। ਜਿੱਥੇ ਪਰਾਲੀ ਦਾ ਧੂੰਆਂ ਮੈਨੂੰ ਵੀ ਧੂੰਆ ਬਣਾ ਦਿੰਦੈ, ਉੱਥੇ ਹੀ ਪਰਾਲੀ ਵਿਚਲੀ ਅੱਗ ਵਿੱਚ ਖੇਤਾ ਵਿੱਚ ਤੇ ਬੰਨੇ ਖੜ੍ਹੇ ਰੁੱਖ ਪਲਾਂ ਵਿੱਚ ਅੱਗ ਵਿੱਚ ਸੜ ਕੇ

ਸੁਆਹ ਹੋ ਜਾਂਦੇ ਨੇ ਇਹ ਰੁੱਖ ਨਹੀਂ ਸੜਦੇ ਮੇਰੇ ਫੇਫੜੇ ਸੜਦੇ ਨੇ ਹਜ਼ੂਰ ਮੇਰੇ ਫੇਫੜੇ ਸੜਦੇ ਨੇ..(ਰੋਣ ਲੱਗ ਜਾਂਦੀ ਹੈ)

**ਰੇਤ:-** ਕਿਸਾਨ ਦੀ ਲਈ ਅੱਗ ਜਿੱਥੇ ਮੇਰੀ ਮਿੱਟੀ ਦੀ ਉਪਰਲੀ ਪਰਤ ਦੀ ਪੌਸ਼ਟਿਕਤਾ ਨੂੰ ਖਤਮ ਕਰ ਦਿੰਦੀ ਹੈ ਉੱਥੇ ਹੀ ਕਿੰਨੇ ਉਹ ਜੀਵ ਜੰਤੂਆਂ ਨੂੰ ਸਾੜ ਕੇ ਸੁਆਹ ਕਰ ਦਿੰਦੀ ਹੈ ਜਿੰਨ੍ਹਾਂ ਨੇ ਮੇਰੀ ਉਪਜਾਊ ਸ਼ਕਤੀ ਨੂੰ ਵਧਾਉਣਾ ਹੁੰਦੈ। ਏਥੇ ਹੀ ਬੱਸ ਨਹੀਂ ਲੋੜ ਤੋਂ ਜਿਆਦਾ ਵਰਤੇ ਕੀਟਨਾਸ਼ਕ ਅਤੇ ਰੇਹ ਦੇ ਪੰਜ-ਪੰਜ ਪਾਏ ਗੱਟੇ ਮੈਨੂੰ ਕੈਂਸਰ ਵਰਗੀ ਬਿਮਰੀ ਨੂੰ ਜਨਮ ਦੇਣ ਲਈ ਮਜ਼ਬੂਰ ਕਰ ਦਿੰਦੇ ਨੇ। ਮੈਂ ਦੁਖੀ ਹਾਂ ਹਜ਼ੂਰ ਹੁਣ ਮੇਰੀ ਮਿੱਟੀ ਦੀ ਕੁੱਖ ਵਿੱਚੋਂ ਜੀਵਨ ਨਹੀਂ ਬਿਮਾਰੀਆਂ ਜਨਮਦੀਆਂ ਨੇ। ਬਿਮਾਰੀਆਂ ਜਨਮਦੀਆਂ ਨੇ ਹਜ਼ੂਰ ਬਿਮਾਰੀਆਂ….(ਭਰੇ ਮਨ ਨਾਲ ਚੁੱਪ ਕਰਕੇ ਬੈਠ ਜਾਂਦੀ ਹੈ)

**ਪਾਣੀ:-** ਹਾਂ ਹਜ਼ੂਰ ਪਹਿਲਾਂ ਕਿਸਾਨ ਖੇਤਾਂ ਵਿੱਚ ਅੱਗ ਲਗਾਉਂਦੈ ਮੁੜ ਕੇ ਮੈਨੂੰ ਐਵੇਂ ਜ਼ਮੀਨ ਠੰਡੀ ਕਰਨ ਦੇ ਨਾਂ 'ਤੇ ਖੁੱਲ੍ਹਾ ਖੇਤਾਂ ਵਿੱਚ ਛੱਡੀ ਰੱਖਦੈ। ਮੇਰੇ ਬਾਹਰਲੇ ਸ੍ਰੋਤ ਤਾਂ ਏਹਨੇ ਜ਼ਹਿਰੀਲੇ ਕਰਨੇ ਹੀ ਸੀ, ਧਰਤੀ ਵਿੱਚ ਬੋਰ ਕਰ ਕਰ ਕੇ ਮੇਰੇ ਧਰਤੀ ਹੇਠਲੇ ਪਾਣੀ ਵਿੱਚ ਸੀਵਰੇਜ਼ ਦਾ ਗੰਦਾ ਪਾਣੀ ਛੱਡ ਕੇ ਲਗਾਤਾਰ ਜ਼ਹਿਰੀਲਾ ਕੀਤਾ ਜਾ ਰਿਹੈ। ਉੱਲਟਾ ਦੋਸ਼ ਵੀ ਮੈਨੂੰ ਦਿੱਤਾ ਜਾਂਦੈ ਬਈ ਪਾਣੀ ਤਾਂ ਜ਼ਹਿਰ ਹੀ ਬਣ ਗਿਆ ਪੁੱਛਣ ਵਾਲਾ ਹੋਵੇ ਭਲਿਓ ਬਣਾਇਆ ਕੀਹਨੇ ਐ?

**ਅਰਦਲੀ:-** ਅੱਛਾ! ਤਾਂ ਗੱਲ ਏਥੋਂ ਤੱਕ ਪਹੁੰਚ ਗਈ, ਵਾੜ ਵੀ ਖੇਤ ਨੂੰ ਖਾਣ ਲੱਗ ਪਈ। ਹੇ ਅਕਾਲ, ਨਿਰੰਕਾਰ ਜਿਵੇਂ ਕਿ ਤੁਸੀਂ ਪੌਣ, ਪਾਣੀ ਅਤੇ ਧਰਤ ਦੀ ਫਰਿਆਦ ਸੁਣ ਲਈ ਹੈ, ਦੱਸੋ ਹਜ਼ੂਰ ਇਨ੍ਹਾਂ ਦੀ ਬੇਨਤੀ 'ਤੇ ਕੀ ਕੀਤਾ ਜਾਵੇ।

(ਅਰਦਲੀ ਇੰਝ ਅਭਿਨੈ ਕਰਦੈ ਜਿਵੇਂ ਰੱਬ ਦੀ ਗੱਲ ਸੁਣ ਰਿਹਾ ਹੋਵੇ) ਹੂੰ-ਹੂੰ-ਹੂੰ, ਜੋ ਹੁਕਮ ਜੀ

ਹਾਂ ਤਾਂ ਦੋਸਤੋ ਅੱਜ ਕਚਹਿਰੀ-ਏ-ਕੁਦਰਤ ਵਿੱਚ ਪੌਣ, ਪਾਣੀ ਅਤੇ ਧਰਤ ਦੀ ਫਰਿਆਦ ਸੁਣੀ ਗਈ, ਕੁਦਰਤ ਦਿਆਲੂ ਹੈ, ਕ੍ਰਿਪਾਲੂ ਹੈ, ਇਸ ਲਈ ਕੁਦਰਤ ਨੇ ਫੈਸਲਾ ਕੀਤਾ ਹੈ ਕਿ ਬੇਸ਼ੱਕ ਮਨੁੱਖ ਦੁਆਰਾ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਤੋਂ ਧਰਤ, ਪੌਣ ਅਤੇ ਪਾਣੀ ਤਿੰਨੋ ਪ੍ਰੇਸ਼ਾਨ ਨੇ ਤੇ ਉਹ ਪ੍ਰਿਥਵੀ ਤੋਂ ਵਾਪਸ ਆਉਣਾ ਚਾਹੁੰਦੇ ਨੇ। ਪਰ ਪ੍ਰਿਥਵੀ ਦੇ ਬਾਕੀ ਜੀਵ ਬੇਕਸੂਰ ਹਨ, ਇਸ ਲਈ ਇਹ ਪ੍ਰਿਥਵੀ ਤੋਂ ਵਾਪਸ ਨਹੀਂ ਆ ਸਕਦੇ ਪਰ….ਪਰ…ਪਰ ਮਨੁੱਖ ਨੂੰ ਉਸਦੇ ਕੀਤੇ ਦਾ ਫਲ ਭੁਗਤਣਾ ਪਵੇਗਾ, ਮਨੁੱਖ ਕੋਲੋਂ ਪਾਣੀ

ਦੀ, ਹਵਾ ਦੀ ਅਤੇ ਮਿੱਟੀ ਦੀ ਕੀਮਤ ਵਸੂਲੀ ਜਾਵੇਗੀ। ਉਸ ਲਈ ਕੁੱਝ ਵੀ ਮੁਫ਼ਤ ਵਿੱਚ ਨਹੀਂ ਹੋਵੇਗਾ। ਨਾਲ ਹੀ ਕੁਦਰਤ ਨੇ ਮੈਨੂੰ ਹੁਕਮ ਦਿੱਤਾ ਹੈ ਕਿ ਮੈਂ ਪ੍ਰਿਥਵੀ 'ਤੇ ਜਾ ਕੇ ਮਨੁੱਖ ਨੂੰ ਇਸ ਸੰਬੰਧੀ ਇਤਲਾਹ ਲਗਾ ਦੇਵਾਂ।

**ਧਰਤ, ਪੌਣ ਅਤੇ ਪਾਣੀ:-** ਜੋ ਹੁਕਮ ਹਜ਼ੂਰ।

**ਅਰਦਲੀ:-** ਹਾਂ ਤਾਂ ਦੋਸਤੋ ਕੁਦਰਤ ਦੀ ਕਚਹਿਰੀ ਦਾ ਫੈਸਲਾ ਲੋਕਾਂ ਤੱਕ ਵੀ ਲੈ ਕੇ ਜਾਣਾ ਪਵੇਗਾ। ਤਾਂ ਆਓ ਚਲਦੇ ਹਾਂ ਪ੍ਰਿਥਵੀ ਲੋਕ ਤੇ ਲੋਕਾਂ ਨੂੰ ਦਿੰਦੇ ਹਾਂ ਸੁਨੇਹਾ ਬਾਬੇ ਦੀ ਬਾਣੀ ਨਾਲ (ਸਾਰੇ ਅੱਖਾਂ ਬੰਦ ਕਰਕੇ ਬਾਣੀ ਉਚਾਰਦੇ ਹਨ)

**ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥**
**ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥**
**ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥**
**ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥**
**ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥**
**ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥**

**(ਨਾਟਕ ਦੁਬਾਰਾ ਸੂਤਰਧਾਰ ਵਾਲੇ ਪਹਿਲੇ ਸਥਾਨ ਤੋਂ ਸ਼ੁਰੂ ਹੋ ਜਾਂਦਾ ਹੈ)**

**ਬੰਦਾ:- (ਬਾਕੀ ਤਿੰਨਾਂ ਨੂੰ ਤੇ ਲੋਕਾਂ ਨੂੰ ਸੰਬੋਧਨ ਕਰਦਾ ਹੋਇਆ)** ਸੁਣ ਲਿਆ ਕੁਦਰਤ ਦਾ ਫੈਸਲਾ ਵੱਡੇ ਆਏ ਸੀ ਏਹਦੀ ਸਾਇਡ ਲੈਣ ਆਲੇ। ਆ ਸਾਰਾ ਕਰਤੂਤ ਥੋਡੇ ਆ ਨਾਟਕ ਆਲੇ ਦੀ ਲੱਗਦੀ ਐ ਮੈਨੂੰ ਤਾਂ ਲੱਗਦੈ ਏਹੀ ਬਣਿਆ ਖੜ੍ਹਾ ਸੀ ਨਾ ਵੱਡਾ ਰੱਬ ਦਾ ਅਰਦਲੀ।

**ਪਾਤਰ-1:-** ਓ ਨੱਥਾ ਸਿਆ ਦੂਜੇ ਨੂੰ ਦੋਸ਼ ਦੇਣੇ ਛੱਡ ਤੇ ਆਵਦੀ ਪੀੜ੍ਹੀ ਹੇਠ ਸੋਟਾ ਫੇਰ। ਸਭ ਤੋਂ ਵੱਧ ਪਾਣੀ ਤੁਸੀਂ ਬਰਬਾਦ ਕਰਦੇ ਓ।

**ਪਾਤਰ-2:-** ਸਹੀ ਗੱਲ ਐ 22 ਏਹਦੇ ਘਰ ਆਲੀ ਸੁਕੜੀ ਜੀ ਤੋਂ ਉਂ ਤਾਂ ਤੁਰਿਆ ਨੀਂ ਜਾਂਦਾ, ਪਾਣੀ ਦੀਆ ਬਾਲਟੀਆਂ ਭਰ-ਭਰ ਕੇ ਡੋਲਣ ਵੇਲੇ ਦਾਰਾ ਸਿਓ ਬਣ ਜਾਂਦੀਐ, ਭਰੂ ਬਾਲਟੀ ਦਾੜ ਕਰਕੇ ਵਗਾਹ ਮਾਰੂ ਰਾਹ 'ਚ ਮਾਂ ਦੇ ਪੁੱਤਾਂ ਨੇ ਰਾਹ ਨੂੰ ਛੱਪੜ ਬਣਾ ਛੱਡਿਐ।

**ਬੰਦਾ:-** (ਪਾਤਰ-2 ਨੂੰ) ਢੱਕਿਆ ਰਹਿ ਢੱਕਿਆ ਰਹਿ, ਮੈਥੋਂ ਹੋਰ ਨਾ ਸੁਣਲੀ ਕੁਸ

**ਪਾਤਰ-2:-** ਹੋਰ ਨੂੰ ਤੂੰ ਕੀ ਸੁਣਾਂਦੇਗਾਂ ਉਏ, ਸੁਣਾ ਈ ਦੇ।

**ਬੰਦਾ:-** ਉਏ ਅਸੀਂ ਤਾਂ ਪਾਣੀ ਰਾਹ 'ਚ ਹੀ ਡੋਲਦੇ ਆ ਤੇ ਤੁਸੀਂ....ਸਾਰਾ ਹੱਗੇ-ਮੂਤੇ ਆਲਾ ਪਾਣੀ ਧਰਤੀ 'ਚ ਹੀ ਸੁੱਟੀ ਜਾਂਨੇ ਓ। (ਲੋਕਾਂ ਨੂੰ) ਇੱਕ ਪਾਸੇ ਬੋਰ ਕਰਕੇ ਸਾਰਾ ਗੰਦ-ਮੰਦ

ਧਰਤੀ ‘ਚ ਸੁੱਟੀ ਜਾਂਦੇ ਐ, ਤੇ ਦੂਜੇ ਪਾਸੇ ਬੋਰ ਦੇ ਨਾਲ ਕਰਕੇ ਮੋਟਰ ਲਾ ਰੱਖੀ ਐ ਓਹੀ ਪਾਣੀ ਕੱਢ-ਕੱਢ ਕੇ ਪੀ ਜਾਂਦੇ ਐ।

**ਪਾਤਰ-2:-** ਐਂਵੇ ਭੌਂਕ ਨਾ ਬਾਲਾ ਓ ਪਸ਼ੂਆਂ ਵਾਸਤੇ ਐ,

**ਬੰਦਾ:-** ਓਏ ਪਸ਼ੂਆਂ ਦਾ ਦੁੱਧ ਤਾਂ ਤੁਸੀਂ ਪੀਨੇ ਓ, ਨਾਲੇ ਜੇ ਪਸੂਆਂ ਨੂੰ ਓਹੀ ਗੰਦਾ ਪਾਣੀ ਹੀ ਪਿਓਣੈ, ਦੂਹਰਾ ਖਰਚਾ ਕਿਉਂ ਕਰਦੇ ਓ ਪਹਿਲਾਂ ਧਰਤੀ ‘ਚ ਸੁਟਦੇ ਪਾਣੀ ਫੇਰ ਬਾਹਰ ਕੱਢਦੇ ਓ ਸਿੱਧਾ ਹੀ ਪਿਆ ਦਿਆ ਕਰੋ ਪਸ਼ੂਆਂ ਨੂੰ।

**ਪਾਤਰ-3:-** ਆਹੋ ਜੇ ਗੰਦ ਹੀ ਪੀਣੈ, ਪਹਿਲਾਂ ਪਸੂਆਂ ਨੂੰ ਵਿਚਾਰਿਆ ਨੂੰ ਕਾਹਨੂੰ ਪਿਓਣੈ ਸਿੱਧਾ ਆਪ ਹੀ ਪੀ ਲਿਆ ਕਰਨ(ਤਾੜੀ ਮਾਰ ਕੇ ਹੱਸਦੈ)

**ਪਾਤਰ-2:-**ਓ ਹੈਲੋ, ਬਾਲਾ ਨਾ ਭੌਂਕ ਐਵੇਂ ਚਪੜੇ ਨਾ ਖਾ ਲੀ ਮੈਥੋਂ।

**ਸੂਤਰਧਾਰ:-** ਸਰਦਾਰ ਸਾਹਬ ਗੱਲ ਗੁੱਸਾ ਕਰਨ ਵਾਲੀ ਨੀ ਸੋਚਣ ਵਾਲੀ ਐ ਅਸੀਂ ਕੁਦਰਤ ਨੂੰ ਦੂਸ਼ਿਤ ਕਰਕੇ ਖਮਿਆਜ਼ਾ ਆਪ ਹੀ ਭੁਗਤ ਰਹੇ ਆ।

**ਪਾਤਰ:-2:-** (ਪਾਤਰ-3 ਵੱਲ ਇਸ਼ਾਰਾ ਕਰਕੇ) ਏਥੇ ਵੱਡਾ ਪੰਚੈਤੀ ਬਣਿਆ ਖੜ੍ਹਾ, ਆਵਦੀਆਂ ਕਰਤੂਤਾਂ ਵੀ ਦੱਸਦੇ, ਆ ਨਿਆਂਈ ਵਾਲੀ ਪੈਲ਼ੀ 'ਚ ਲਾ ਕੇ ਅੱਗ ਸਾਰੇ ਪਿੰਡ ਦੇ ਜਿਹੜਾ ਤੂੰ ਨਾਸੀ ਧੂੰਆਂ ਦਿੰਨੈ ਉਹ। ਮੈਂ ਤਾਂ ਅੱਜ ਦੱਸ ਕੇ ਰਹੂ ਜਿਹੜਾ ਆ ਭਾਨੇ ਕਾ ਬੁੜਾ ਮਰਿਆ ਸੀ ਨਾ ਤੇਰੀ ਅੱਗ ਦੇ ਧੂੰਏ ਕਰਕੇ ਮਰਿਆ ਸੀ ਸਾਹ ਨਾ ਆਉਣ ਕਰਕੇ, ਮੈਨੂੰ ਤਾਂ ਡਾਕਟਰ ਨੇ ਸਾਰੀ ਗੱਲ ਦੱਸਤੀ ਸੀ, ਮੈਂ ਤਾਂ, ਤਾਂ ਚੁੱਪ ਕਰ ਗਿਆ ਵੀ ਚਲ ਓ ਜਾਣੇ ਬੁੜਾ ਤਾਂ ਮਰਨ ਆਲਾ ਮਰ ਗਿਆ, ਹੁਣ ਕਾਹਨੂੰ ਸਿਆਪਾ ਪਾਉਣੈ।

**ਪਾਤਰ-1:-**ਅੱਛਾ! ਸਾਡੇ ਬੁੜੇ ਦੀ ਮੌਤ ਦਾ ਕਾਰਨ ਏਹ ਆ ਮਲੰਗ ਜਿਹਾ, ਖੜ੍ਹ ਓ ਤੇਰੀ ਓ ਭੈਣ ਦੀ......

**(ਜੱਫੋ-ਜੱਫੀ ਹੁੰਦੇ ਐ)**

**ਸੂਤਰਧਾਰ:-** (ਹਟਾਉਂਦਾ ਹੋਇਆ) ਕਮਲ ਨਾ ਮਾਰੋ, ਸਿਆਣੇ ਬਣੋ, ਸਿਆਣੇ। ਐਂ ਕਦੋਂ ਤੱਕ ਲੜਦੇ ਰਹੋਂਗੇ ਤੇ ਦੂਜਿਆਂ ਨੂੰ ਦੋਸ਼ ਦਿੰਦੇ ਰਹੋਂਗੇ ਆਪਣੇ ਅਮਲਾ ਵੱਲ ਦੇਖੋ, ਆਪਣੇ ਅਮਲਾਂ ਵੱਲ.

**ਬੰਦਾ:-** ਅਮਲ ਤਾਂ ਸੂਤਰਧਾਰਾ ਦਿੱਸੀ ਜਾਂਦੇ ਐ ਮੇਰੇ ਸਾਲੇ ਦੇ ਇੱਕ ਤਾਂ ਸਰਕਾਰਾਂ ਸਾਡੀਆਂ ਦੁਸ਼ਮਣ ਬਣੀਆਂ ਆ ਦੂਜਾ ਮੇਰਾ ਸਾਲਕੜਾ ਤੇਰਾ ਕੁਦਰਤ, ਜਿਹੜਾ ਹਰੇਕ ਦੀ ਗੱਲ ਸੁਣ ਕੇ ਸਾਡੇ 'ਤੇ ਆ ਚੜ੍ਹਦੈ. ..(ਨਕਲ ਕਰਦਾ ਹੋਇਆ) ਕੀਮਤ ਵਸੂਲ ਕੀਤੀ ਜਾਵੇਗੀ... ਤੂੰ

ਵੀ ਲੈ ਲਾ ਕੀਮਤਾਂ ਸਾਥੋਂ ਤਾਂ ਅੱਗੇ ਫਸਲਾਂ ਦੀਆਂ ਰੇਹਾਂ-ਸਪਰੇਹਾਂ ਨੀ ਪੂਰੀਆਂ ਆਉਂਦੀਆਂ ਸੀ ਹੁਣ ਤੂੰ ਵੀ ਕੋਈ ਕਸਰ ਨਾ ਛੱਡੀ(ਉੱਪਰ ਨੂੰ ਮੂੰਹ ਕਰਕੇ ਰੱਬ ਨੂੰ ਉਲਾਭਾ ਦਿੰਦੈ) ਪਾ ਦਿਆ ਕਰ ਗੜੇ, ਭੇਜ ਦਿਆ ਕਰ ਹੜ੍ਹ....ਭੈ....ਮਰਾਵੇ ਜੱਟ ਤਾਂ ਐਂਈ ਕਰੂ ਉਏ ਬੁਰ ਰੂ ਰ....ਆ..

**ਸੂਤਰਧਾਰ:-** ਆ ਹੀ ਤਾਂ ਥੋਨੂੰ(ਤੁਹਾਨੂ) ਸਮਝਾ ਰਹੇ ਆ ਵੀ..

**ਬੰਦਾ:-** (ਵਿੱਚੋਂ ਹੀ ਗੱਲ ਕੱਟ ਕੇ) ਸਮਝਣ ਨੂੰ ਕੀ ਟੱਟੂ ਰਹਿ ਗਿਆ ਪਿੱਛੇ.... ਚੱਕ ਆਵਦਾ ਟਿੰਡ ਕਮਿੰਡ ਤੇ ਤੁਰਦਾ ਬਣ ਏਥੋਂ...ਹੁਣ ਹੋਰ ਨਾ ਸੁਣਲੀ ਮੈਥੋਂ....ਵੱਡਾ ਆਇਆ ਅਫਲਾਤੂਨ ਸਾਨੂੰ ਮੱਤਾ ਦੇਊਗਾ....

**ਪਾਤਰ-4:-** ਮੈਨੂੰ ਲੱਗਦੈ ਸੂਤਰਧਾਰ ਦੀ ਗੱਲ ਸੁਣਨ ਤੇ ਮੰਨਣ ਚ ਹੀ ਫਾਇਦਾ ਸਾਡਾ. .ਕਿਉਂ ਪਿੰਡ ਆਲੇ ਓ।

**ਬਾਕੀ ਸਾਰੇ:-** ਹਾਂ ਹਾਂ ਸੂਤਰਧਾਰਾ ਦੱਸ ਸਾਨੂੰ ਅਸੀਂ ਹੁਣ ਕੀ ਕਰੀਏ।

**ਸੂਤਰਧਾਰ:-** ਦੋਸਤੋ, ਜਿਵੇਂ ਕਿ ਤੁਸੀਂ ਦੇਖ ਹੀ ਚੁੱਕੇ ਹੋ ਧਰਤ, ਪੌਣ ਤੇ ਪਾਣੀ ਸਾਡੇ ਨਾਲ ਰੁੱਸ ਚੁੱਕੇ ਹਨ। ਇਸ ਰੋਸੇ ਦਾ ਕਾਰਨ ਸਾਡੀਆਂ ਹੀ ਗਲਤੀਆਂ ਨੇ। ਇਨ੍ਹਾਂ ਦੀ ਫਰਿਆਦ 'ਤੇ ਕੁਦਰਤ ਵੱਲੋਂ ਕੀਤਾ ਗਿਆ ਫੈਸਲਾ ਸਾਡੇ 'ਤੇ ਲਾਗੂ ਹੋ ਚੁੱਕਿਆ ਹੈ। ਜਿਹੜਾ ਪਾਣੀ ਪਹਿਲਾਂ ਸਾਨੂੰ ਮੁਫਤ ਮਿਲਦਾ ਸੀ, ਹੁਣ ਪੰਜ ਦਰਿਆਵਾਂ ਦੀ ਧਰਤੀ ‘ਤੇ ਵੀ ਉਹ ਮੁੱਲ ਮਿਲਣ ਲੱਗ ਗਿਆ। ਤੁਸੀਂ ਸਾਰੇ ਹੁਣ ਪੀਣ ਲਈ ਪਾਣੀ ਮੁੱਲ ਖਰੀਦਦੇ ਹੋ ਕਿ ਨਹੀਂ?

**ਪਾਤਰ-1:-** ਕਿਹੜਾ ਮੁੱਲ ਸੂਤਰਧਾਰਾ, ਹੁਣ ਤਾਂ ਮੁੱਲ ਨੂੰ ਵੀ ਪੀਣ ਲਈ ਚੰਗਾ ਪਾਣੀ ਨੀ ਮਿਲਦਾ, ਇੱਕ ਸਾਡਾ ਵੇਲਾ ਸੀ ਖਾਲਿਆਂ ਚੋਂ ਬੁੱਕ ਭਰ-ਭਰ ਕੇ ਪਾਣੀ ਪੀਣਾ....ਤੇ ਪਾਣੀ ਵੀ ਕਾਹਦਾ ਨਿਰਾ ਅੰਮ੍ਰਿਤ....ਕਾਲਜੇ ਠੰਡ ਪਾ ਦਿੰਦਾ ਸੀ।

**ਸੂਤਰਧਾਰ:-** ਬਿਲਕੁੱਲ, ਸਹੀ ਗੱਲ ਐ। ਹੋਰ ਸੁਣੋ ‘ਕੱਲਾ ਪਾਣੀ ਨਹੀਂ ਹੁਣ ਹਵਾ ਵੀ ਮੁੱਲ ਦੀ ਹੋ ਗਈ ਐ। ਅਮੀਰ ਲੋਕਾਂ ਨੇ ਆਪਣੇ ਘਰਾਂ ਵਿੱਚ ਏਅਰ ਫਿਲਟਰ ਲਗਾ ਲਏ ਨੇ। ਜੇ ਅਸੀਂ ਨਾ ਸੁਧਰੇ ਤਾਂ ਉਹ ਦਿਨ ਦੂਰ ਨਹੀਂ ਜਿੱਦੇ ਸਾਨੂੰ ਚੁੱਲੇ ਵਾਲੇ ਗੈਸ ਸਿੰਲਡਰਾਂ ਵਾਗੂੰ ਸਾਹ ਲੈਣ ਲਈ ਲਾਇਨਾਂ ਵਿੱਚ ਲੱਗ ਕੇ ਆਕਸੀਜਨ ਦੇ ਸਿਲੰਡਰ ਲੈਣੇ ਪੈਣਗੇ।

**ਪਾਤਰ-2:-** ਲੈਣੇ ਨੀ ਪੈਣਗੇ ਸੂਤਰਧਾਰਾ ਲੈਣੇ ਪੈਣ ਲੱਗਗੇ.... ਸਾਡੇ ਪਿੰਡ 'ਚ ਹੀ ਆ (ਪਾਤਰ-3 ਵੱਲ ਇਸ਼ਾਰਾ ਕਰਕੇ) ਇਹਦੀ ਘਰ ਵਾਲੀ ਦੇ ਫੇਫੜੇ ਜਵਾਬ ਦੇ ਗਏ 100000

ਰੁਪਏ ਦਾ ਓ ਸਲੰਡਰ ਜਾ ਲਿਆਇਐ ਜੀਹਦੇ ਚੋਂ ਉਹ ਸਾਹ ਲੈਂਦੀ ਐ। ਮੁੱਲ ਦੇ ਸਾਹ ਹੋ ਗਏ 22।

**ਸੂਤਰਧਾਰ:-** ਬਿਲਕੁੱਲ ਪਾਣੀ ਮੁੱਲ ਦਾ, ਹਵਾ ਮੁੱਲ ਦੀ ਏਥੇ ਹੀ ਬੱਸ ਨਹੀਂ ਹੁਣ ਸਾਡੇ ਪੰਜ ਦਰਿਆਵਾਂ ਦੀ ਜ਼ਰਖੇਜ਼ ਮਿੱਟੀ ਦੇ ਮਾਲਕ ਖਾਣ ਵਾਸਤੇ ਕਣਕ ਵੀ ਰਾਜਸਥਾਨ ਭਾਲਦੇ ਫਿਰਦੇ ਐ। ਸਾਡੀ ਮਿੱਟੀ 'ਚ ਕੈਂਸਰ ਉੱਗ ਰਿਹੈ। ਘਰ-ਘਰ ਕੈਂਸਰ ਦੇ ਮਰੀਜ਼, ਕਣਕ ਤੋਂ ਅਲਰਜ਼ੀ ਦੇ ਮਰੀਜ਼.....

**ਪਾਤਰ-3:-** ਮੈਂ ਤਾਂ ਸੁਣਿਐ ਬਠਿੰਡੇ ਤੋਂ ਕੋਈ ਕੈਸਰ ਟ੍ਰੇਨ ਵੀ ਚਲਦੀ ਐ ਦੇਖਲੋ ਟ੍ਰੇਨ ਵੀ ਕੈਂਸਰ ਹੋ ਗਿਆ।

**ਸੂਤਰਧਾਰ:-** ਜਨਾਬ ਟ੍ਰੇਨ ਨੂੰ ਕੈਂਸਰ ਨੀ ਹੋਇਆ ਉਸ 'ਤੇ ਦਵਾਈ ਲੈਣ ਲਈ ਰਾਜਸਥਾਨ ਜਾਣ ਵਾਲੇ ਸਾਰੇ ਕੈਂਸਰ ਦੇ ਮਰੀਜ਼ ਹੁੰਦੇ ਐ ਤਾਂ ਉਹਨੂੰ ਕੈਂਸਰ ਟ੍ਰੇਨ ਕਹਿੰਦੇ ਐ।

**ਪਾਤਰ-3:-** ਅੱਛਾ, ਪੰਜਾਬ ਤੋਂ ਟ੍ਰੇਨ ਭਰਨ ਲੱਗ ਗਈ ਕੈਂਸਰ ਮਰੀਜ਼ਾਂ ਦੀ, ਫਿਰ ਤਾਂ ਬਈ ਸੱਚਮੁੱਚ ਸੋਚਣ ਵਾਲੀ ਐ ਗੱਲ।

**ਸੂਤਰਧਾਰ:-** ਬਿਲਕੁੱਲ ਸੋਚਣ ਵਾਲੀ ਐ। ਦੋਸਤੋ ਧਰਤੀ ਵਿੱਚ ਸਿੱਧਾ ਗੰਦਾ ਪਾਣੀ ਨਾ ਸੁੱਟੋ, ਪਰਾਲੀ ਨੂੰ ਅੱਗ ਨਾ ਲਾਓ, ਕੁਦਰਤੀ ਖੇਤੀ ਵੱਲ ਮੁੜੋ। ਤੁਹਾਡੀਆਂ ਨਸਲਾਂ ਦਾ ਭਵਿੱਖ ਖਤਰੇ ਵਿੱਚ ਹੈ। ਤੁਸੀਂ ਆਪਣੀਆਂ ਨਸਲਾਂ ਨੂੰ ਵਿਰਾਸਤ ਵਿੱਚ ਕੀ ਦੇ ਕੇ ਜਾ ਰਹੇ ਹੋ- ਦੂਸ਼ਿਤ ਹਵਾ, ਗੰਦਲਾ ਪਾਣੀ, ਜ਼ਹਿਰੀਲੀ ਮਿੱਟੀ।

**ਸਾਰੇ:-**ਸੂਤਰਧਾਰਾ ਤੂੰ ਵਾਵਾ ਸਿਆਣਾ ਬੰਦਾ ਲੱਗਦੈ ਇਹਦਾ ਹੱਲ ਕੀ ਐ?ਹੱਲ ਦੱਸ ਯਾਰ 22 ਬਣਕੇ।

**ਸੂਤਰਧਾਰ:-** ਅਮਲ

**ਸਾਰੇ:** ਅਮਲ? ਅਸੀਂ ਸਮਝੇ ਨਹੀਂ।

**ਸੂਤਰਧਾਰ:-** ਮੈਂ ਸਮਝਾਉਣਾ, (ਲੋਕਾਂ ਨੂੰ) ਦੋਸਤੋ ਕੁਦਰਤ ਦੀ ਕਚਹਿਰੀ ਦਾ ਹੁਕਮ ਲਾਗੂ ਹੋ ਚੁਕਿਐ ਜੇ ਤੁਸੀਂ ਹਾਲੇ ਵੀ ਕੁਦਰਤ ਦੀ ਕਚਹਿਰੀ ਵਿੱਚ ਜਾ ਕੇ ਤੌਬਾ ਨਾ ਕੀਤੀ ਤਾਂ ਤੁਹਾਡੀਆਂ ਆਉਣ ਵਾਲੀਆਂ ਨਸਲਾਂ ਦਾ ਕੀ ਹਾਲ ਹੋਣੈ ਤੁਹਾਨੂੰ ਪਤਾ ਹੀ ਹੈ। ਸਾਡੇ ਕੋਲ ਇੱਕੋ-ਇੱਕ ਹੱਲ ਐ ਬਾਬੇ ਦੇ ਕਹੇ 'ਤੇ ਅਮਲ ਕਰੀਏ।

**ਸਾਰੇ:-** ਕੀ ਕਹਿੰਦੈ ਬਾਬਾ?

**ਸੂਤਰਧਾਰ:-** ਬਾਬਾ ਕਹਿੰਦੈ

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥

ਹਵਾ ਨੂੰ ਗੁਰੂ ਸਮਝ ਕੇ ਸਤਿਕਾਰ ਦੇਈਏ, ਪਾਣੀ ਨੂੰ ਪਿਤਾ ਸਮਝ ਕੇ ਸੰਭਾਲ ਕਰੀਏ, ਧਰਤੀ ਨੂੰ ਮਾਂ ਸਮਝ ਕੇ ਪੂਜੀਏ।

ਏਹਦੇ ਵਿੱਚ ਹੀ ਸਾਡਾ ਤੇ ਸਾਡੀਆਂ ਨਸਲਾਂ ਦਾ ਭਲਾ ਹੈ। ਆਓ ਅੱਜ ਰਲ ਕੇ ਪ੍ਰਣ ਕਰੀਏ:-

ਵੱਧ ਤੋਂ ਵੱਧ ਰੁੱਖ ਲਗਾਂਵਾਂਗੇ।
ਧਰਤੀ ਮਾਂ ਨੂੰ ਸਵਰਗ ਬਣਾਂਵਾਂਗੇ।

**ਸਾਰੇ:**-ਧਰਤ ਪੌਣ ਪਾਣੀ ਦੀ ਕਰਾਂਗੇ ਰਲ-ਮਿਲਕੇ ਅਸੀਂ ਸੰਭਾਲ
ਅਸੀਂ ਹਾਂ ਕੁਦਰਤ ਤੇਰੇ, ਅਸੀਂ ਹਾਂ ਕੁਦਰਤ ਤੇਰੇ ਨਾਲ।

**(ਸਮਾਪਤ)**